3.11.96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਕਲਾ ਦੇ ਖੇਤਰ ਵਿਚ ਪੱਛਮੀ ਸਭਿਆਚਾਰ:** ਕਲਾ ਦੇ ਖੇਤਰ ਵਿਚ ਅੱਜ ਕੱਲ੍ਹ ਪੱਛਮੀ ਸਭਿਅਤਾ ਤੋਂ ਪ੍ਰਭਾਵਤ ਸਭਿਆਚਾਰਕ ਸਰਗਰਮੀਆਂ ਬਾਰੇ ਬੜੀ ਬਹਿਸ ਵੀ ਹੈ ਤੇ ਚਰਚਾ ਵੀ ਹੈ। 23 ਨਵੰਬਰ ਬੰਗਲੌਰ ਵਿਚ ਹੋਣ ਵਾਲਾ ਵਿਸ਼ਵ ਸੁੰਦਰੀ ਮੁਕਾਬਲਾ ਅਤੇ ਪਹਿਲੀ ਨਵੰਬਰ ਨੂੰ ਮਾਈਕਲ ਜੈਕਸਨ ਦਾ ਮੁੰਬਈ ਵਿਚ ਹੋਇਆ ਪੌਪ ਸ਼ੋ ਚਰਚਾ ਦਾ ਵਿਸ਼ਾ ਹਨ। ਇਨ੍ਹਾਂ ਦੀ ਵੱਡੇ ਪੱਧਰ 'ਤੇ ਵਿਰੋਧਤਾ ਵੀ ਹੈ ਤੇ ਸਮਰਥਨ ਵੀ ਹੈ।

ਵਿਸ਼ਵ ਸੁੰਦਰੀ ਮੁਕਾਬਲੇ ਦੀ ਵਿਰੋਧਤਾ ਇਕ ਪਾਸੇ ਤੋਂ ਔਰਤਾਂ ਦੀਆਂ ਜਮਹੂਰੀ ਜਥੇਬੰਦੀਆਂ ਵਲੋਂ ਹੋ ਰਹੀ ਹੈ। ਉਨ੍ਹਾਂ ਦੀ ਦਲੀਲ ਹੈ ਕਿ ਇਹ ਮੁਕਾਬਲਾ ਔਰਤ ਭਾਈਚਾਰੇ ਦਾ ਅਪਮਾਨ ਹੈ। ਔਰਤਾਂ ਦੇ ਅਧਨੰਗੇ ਜਿਸਮਾਂ ਦੀ ਨੁਮਾਇਸ਼ ਇਕ ਵਪਾਰਕ ਨਜ਼ਰੀਏ ਤੋਂ ਕੀਤੀ ਜਾ ਰਹੀ ਹੈ। ਇਸ ਲਈ ਇਸ ਦੀ ਵਿਰੋਧਤਾ ਜ਼ਰੂਰੀ ਹੈ। ਦੂਜੇ ਪਾਸੇ ਇਹ ਵਿਰੋਧਤਾ ਮੂਲਵਾਦੀ ਅਤੇ ਪ੍ਰੰਪਰਾਵਾਦੀ ਸ਼ਕਤੀਆਂ ਵਲੋਂ ਹੋ ਰਹੀ ਹੈ। ਉਹ ਭਾਰਤੀ ਨਾਰੀ ਦੇ ਸੀਤਾ ਸਵਿਤ੍ਰੀ ਰੂਪ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਔਰਤ ਦਾ ਦਾਸੀ ਹੋਣ ਦਾ ਦਰਜਾ ਵੀ ਇਨ੍ਹਾਂ ਪ੍ਰੰਪਰਾਵਾਦੀਆਂ ਲਈ ਭਾਰਤੀ ਨਾਰੀ ਦਾ ਇਕ ਸਵੀਕਾਰ ਕੀਤਾ ਰੂਪ ਹੈ। ਵਿਸ਼ਵ ਸੁੰਦਰੀ ਮੁਕਾਬਲਾ ਉਨ੍ਹਾਂ ਦੀ ਨਜ਼ਰ ਵਿਚ ਭਾਰਤੀ ਸਭਿਆਚਾਰ ਉਤੇ ਹਮਲਾ ਹੈ। ਵਿਸ਼ਵ ਸੁੰਦਰੀ ਮੁਕਾਬਲੇ ਦੇ ਸਮਰਥਕ ਇਹ ਦਲੀਲ ਦਿੰਦੇ ਹਨ ਕਿ ਕੁਦਰਤ ਨੇ ਜੇ ਔਰਤ ਨੂੰ ਖੂਬਸੂਰਤੀ ਦਿੱਤੀ ਹੈ ਤਾਂ ਉਹ ਉਹਦੀ ਨੁਮਾਇਸ਼ ਕਿਉਂ ਕਰੇ? ਬਾਲ ਠਾਕਰੇ ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ ਕਿ ਖੂਬਸੂਰਤ ਚੀਜ਼ਾਂ ਦਾ ਸਵਾਦ ਮਾਨਣਾ ਮਨੁੱਖ ਦਾ ਹੱਕ ਹੈ ਤੇ ਉਹ ਇਸ ਹੱਕ ਤੋਂ ਕਿਉਂ ਵਾਂਝਿਆ ਰੱਖਿਆ ਜਾਏ?

ਭਾਰਤ ਦਾ ਸਮਾਜ ਇਕ ਚੁਰਾਹੇ 'ਤੇ ਹੈ। ਇਸ ਸਮਾਜ ਨੇ ਕਿਸ ਪਾਸੇ ਜਾਣਾ ਹੈ, ਇਹਦਾ ਫੈਸਲਾ ਲੋਕਾਂ ਨੇ ਕਰਨਾ ਹੈ। ਔਰਤ ਦੀ ਬਰਾਬਰੀ ਅਤੇ ਉਹਦਾ ਸਮਾਜ ਵਿਚ ਸਨਮਾਨਯੋਗ ਥਾਂ ਅੱਜ ਦੇ ਯੁੱਗ ਦੀ ਲੋੜ ਹੈ ਤੇ ਕਿਸੇ ਮੁੱਦੇ ਬਾਰੇ ਹਾਂ-ਪੱਖੀ ਜਾਂ ਨਾਂ-ਪੱਖੀ ਸੋਚ ਇਸੇ ਅਨੁਸਾਰ ਹੋਣੀ ਚਾਹੀਦੀ ਹੈ।

ਮਾਈਕਲ ਜੈਕਸਨ ਪੌਪ ਸ਼ੋ ਖੇਤਰ ਦਾ ਸਾਰਿਆਂ ਨਾਲੋਂ ਵੱਡਾ ਅਤੇ ਮੋਢੀ ਕਲਾਕਾਰ ਹੈ। ਬੰਬਈ ਵਿਚ ਜਿਹੜੀ ਇਹਦੀ ਪੇਸ਼ਕਾਰੀ ਹੋਈ ਹੈ, ਉਹ ਸ਼ਿਵ ਸੈਨਾ ਦੇ ਇਕ ਰੁਜ਼ਗਾਰ ਦੇਣ ਦੇ ਪ੍ਰਜੈਕਟ ਦੀ ਸਹਾਇਤਾ ਲਈ ਹੋਈ ਹੈ। ਇਸ ਲਈ ਸ਼ਿਵ ਸੈਨਾ ਵਾਲੇ ਇਸ ਦੇ ਸਮਰਥਕ ਹਨ ਪਰ ਬਾਲ ਠਾਕਰੇ ਦਾ ਭਰਾ ਆਰ. ਐਸ. ਐਸ. ਵਾਲੇ ਅਤੇ ਬਜਰੰਗ ਦਲ ਵਾਲੇ. ਇਸ ਦੀ ਵਿਰੋਧਤਾ ਇਸ ਦਲੀਲ 'ਤੇ ਕਰ ਰਹੇ ਸਨ ਕਿ ਇਹ ਪੌਪ ਸ਼ੋ ਭਾਰਤੀ ਸੰਸਕ੍ਰਿਤੀ ਉਤੇ ਹਮਲਾ ਹੈ। ਗੱਲ ਇਥੇ ਫੇਰ ਆਧੁਨਿਕਤਾ ਬਨਾਮ ਪ੍ਰੰਪਰਾਵਾਦੀ ਦੀ ਹੈ। ਪੱਛਮੀ ਸਭਿਆਚਾਰ ਵਿਚ ਬਹੁਤ ਕੁਝ ਲੱਚਰ ਅਤੇ ਵਾਹਯਾਤ ਹੈ ਪਰ ਪੱਛਮੀ ਸੰਗੀਤ ਭਾਵੇਂ ਉਹ ਕਲਾਸਕੀ ਅਤੇ ਭਾਵੇਂ ਲੋਕਾਂ ਦੀ ਮਕਬੂਲੀਅਤ ਵਾਲਾ ਹੈ, ਉਸ ਵਿਚ ਡੂੰਘਿਆਈ ਅਤੇ ਗਤੀਸ਼ੀਲਤਾ ਵੀ ਹੈ। ਕਲਾ ਦੀ ਪਰਖ ਹੁਣ ਪੂਰਬੀ ਜਾਂ ਪੱਛਮੀ ਸ਼ਬਦਾਵਲੀ ਨਾਲ ਨਹੀਂ ਹੋਣੀ ਚਾਹੀਦੀ ਹੈ ਸਗੋਂ ਸੰਵੇਦਨ ਅਨੁਸਾਰ ਹੋਣੀ ਚਾਹੀਦੀ ਹੈ। ਮਾਈਕਲ ਜੈਕਸਨ ਦੀ ਭਾਰਤ ਫੇਰੀ ਭਾਰਤ ਦੇ ਸਭਿਆਚਾਰ ਲਈ ਕੋਈ ਖਤਰਾ ਨਹੀਂ ਸਗੋਂ ਇਹ ਭਾਰਤੀ ਕਲਾਕਾਰਾਂ ਲਈ ਮੌਕਾ ਹੋਵੇਗਾ ਕਿ ਉਹ ਵੇਖ ਸਕਣ ਕਿ ਉਹ ਵਿਸ਼ਵ ਪ੍ਰਸਿੱਧ ਕਲਾਕਾਰ ਕਿਹੜੀਆਂ ਜੁਗਤੀਆਂ ਵਰਤ ਕੇ ਆਪਣੀ ਕਲਾ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ।

**ਕੌਮੀ ਹਕੂਮਤ ਦੀ ਦੇਣ-ਬਾਬਾ ਭਕਨਾ ਨੂੰ:** ਜਿਹੜੀ ਮੈਨੂੰ ਆਖਰੀ ਭੁੱਖ ਹੜਤਾਲ ਕਰਨੀ ਪਈ ਉਹ ਸਾਰਿਆਂ ਨਾਲੋਂ ਦੁਖਦਾਇਕ ਹੈ। ਉਹ ਇਸ ਲਈ ਕਿ ਪਹਿਲੀਆਂ ਭੁੱਖ ਹੜਤਾਲਾਂ ਤਾਂ ਅੰਗਰੇਜ਼ ਦੇ ਰਾਜ ਵਿਚ ਹੋਈਆਂ ਪਰ ਇਹ ਭੁੱਖ ਹੜਤਾਲ 1948 ਦੇ ਸ਼ੁਰੂ ਵਿਚ ਕੌਮੀ ਸਰਕਾਰ ਦੇ ਵਕਤ ਯੋਲ ਕੈਂਪ ਦੀ ਜੇਲ੍ਹ ਵਿਚ ਭੈੜੇ ਇੰਤਜ਼ਾਮ ਦੇ ਵਿਰੁੱਧ ਕਰਨੀ ਪਈ। ਜਦੋਂ ਪਹਿਲੀਆਂ ਛੇ ਭੁੱਖ ਹੜਤਾਲਾਂ ਹੋਈਆਂ ਜਲ੍ਹਿਆਂਵਾਲੇ ਦੀ ਭੁੱਖ ਹੜਤਾਲ ਸਮੇਤ ਉਦੋਂ ਅਜੇ ਸਰੀਰ ਐਨਾ ਬੁੱਢਾ ਨਹੀਂ ਸੀ ਪਰ ਹੁਣ ਬੁਢੇਪੇ ਦਾ ਵਕਤ ਆ ਗਿਆ ਸੀ। ਇਸ ਲਈ ਯੋਲ ਕੈਂਪ ਦੀ ਨਜਾਇਜ਼ ਬੰਦਿਸ਼ ਤੇ ਭੁੱਖ ਹੜਤਾਲ ਨੇ ਮੇਰੀ ਕਮਰ ਜਲਦੀ ਟੇਢੀ ਕਰ ਦਿੱਤੀ। ਅੱਜ ਵੀ ਜੇ ਕੋਈ ਮੈਨੂੰ ਪੁੱਛਦਾ ਹੈ ਕਿ ਤੇਰੀ ਕਮਰ ਟੇਢੀ ਕਿਉਂ ਹੋ ਗਈ ਤਾਂ ਮੈਂ ਇਹ ਜਵਾਬ ਦਿੰਦਾ ਹਾਂ ਕਿ 'ਇਹ ਕੌਮੀ ਹਕੂਮਤ ਦੀ ਦੇਣ ਹੈ।'

**(ਬਾਬਾ ਸੋਹਣ ਸਿੰਘ ਭਕਨਾ ਦੀ ਯਾਦ ਵਿਚੋਂ)**

**ਲਤੀਫਿਆਂ ਦੀ ਕਲਾ:** ਲਤੀਫੇ ਹੁਣ ਅਖਬਾਰਾਂ ਦਾ ਬਕਾਇਦਾ ਫੀਚਰ ਬਣਦੇ ਜਾ ਰਹੇ ਹਨ। ਹੁਣ ਇਹ ਸਿਰਫ ਬੱਚਿਆਂ ਦੀਆਂ ਮੈਗਜ਼ੀਨਾਂ ਦਾ ਸ਼ਿੰਗਾਰ ਨਹੀਂ ਰਹੇ। ਲਤੀਫੇ ਘੜਣ ਜਾਂ ਲਤੀਫੇ ਇਕੱਠੇ ਕਰਨ ਦੀ ਕਲਾ ਵਿਚ ਪੱਤਰਕਾਰ ਖੁਸ਼ਵੰਤ ਸਿੰਘ ਦਾ ਨਾਂ ਮੁੱਖ ਤੌਰ 'ਤੇ ਲਿਆ ਜਾ ਸਕਦਾ ਹੈ। 1936-37 ਵਿਚ ਅਖਬਾਰ ਮੌਜੀ ਪੰਜਾਬੀ ਦਾ ਉਹ ਅਖਬਾਰ ਸੀ, ਜਿਹੜਾ ਸਿਆਸੀ ਤੇ ਸਮਾਜਕ ਚੁਟਕਲੇ ਦੇਣ ਲਈ ਪ੍ਰਸਿੱਧ ਸੀ, 'ਹਾਸੇ ਦੀ ਬਰਖਾ ਇਕ ਕਿਤਾਬ ਮੈਨੂੰ ਬਚਪਨ ਵਿਚ ਪੜ੍ਹਨ ਨੂੰ ਮਿਲੀ ਸੀ, ਜਿਸ ਦੀ ਪ੍ਰਕਾਸ਼ਨਾ ਮੌਜੀ ਅਖਬਾਰ ਨਾਲ ਹੀ ਜੁੜੀ ਹੋਈ ਸੀ। ਉਸ ਵਿਚ ਬਹੁਤ ਸਾਰੇ ਚੁਟਕਲੇ ਬਰਨਾਰਡ ਸ਼ਾਅ ਦੇ ਨਾਟਕਾਂ ਦੇ ਚੁਸਤ ਵਾਰਤਾਲਾਪ ਹੁੰਦੇ ਸਨ। ਦੋ ਮਿਸਾਲਾਂ ਇਥੇ ਦਿਲਚਸਪੀ ਲਈ ਦਿੱਤੀਆਂ ਜਾਂਦੀਆਂ ਹਨ

ਮੋਟਾ: (ਇਕ ਮਾੜਕੂ ਬੰਦੇ ਨੂੰ) ਉਏ ਤੇਰੀ ਸ਼ਕਲ ਦੇਖ ਕੇ ਇੰਝ ਲੱਗਦਾ ਹੈ ਕਿ ਤੂੰ ਕਾਲ ਦਾ ਮਾਰਿਆ ਹੋਇਆ ਏਂ।

ਮਾੜਕੂ: (ਹੱਥ ਜੋੜ ਕੇ) ਸ੍ਰੀਮਾਨ ਜੀ ਤੁਹਾਡੀ ਰੋਗੜ ਵੇਖ ਕੇ ਇੰਝ ਲਗਦਾ ਹੈ ਕਿ ਤੁਸੀਂ ਹੀ ਸਾਰਾ ਕੁਝ ਖਾ ਕੇ ਕਾਲ ਪਾਇਆ ਹੈ।

ਬਾਪ: (ਵਹੁਟੀ ਨੂੰ) ਭਾਗਵਾਨੇ ਤੂੰ ਆਪਣੇ ਪੁੱਤਰ ਦੇ ਭਵਿੱਖ ਬਾਰੇ ਕੀ ਸੋਚਿਆ ਹੈ?

ਮਾਂ: ਜੀ ਇਹ ਕਹਿੰਦਾ ਕਿ ਮੈਂ ਸਿਆਸਤਦਾਨ ਬਣਾਂਗਾ।

ਬਾਪ:ਬਿਲਕੁਲ ਠੀਕ। ਏਹਨੂੰ ਆਂਦਾ ਜਾਂਦਾ ਕੁਝ ਨਹੀਂ, ਪਰ ਇਹ ਸਮਝਦਾ ਏ ਕਿ ਦੁਨੀਆਂ ਦਾ ਸਾਰਾ ਗਿਆਨ ਇਸ ਦੀ ਮੁੱਠੀ ਵਿਚ ਏ। ਸਿਆਸਤ ਦਾ ਪੇਸ਼ਾ ਹੀ ਇਹ ਨੂੰ ਸਹੀ ਬੈਠੇਗਾ।

ਮਿੰਨੀ ਕਹਾਣੀ ਤੋਂ ਵੱਖਰੀ ਇਸ ਕਲਾ ਦਾ ਵਿਕਾਸ ਪੰਜਾਬੀ ਸਾਹਿਤ ਵਿਚ ਇਕ ਦਿਲਚਸਪ ਵਾਧਾ ਹੋਵੇਗਾ।

3-11-1996